# ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥

# ਕਲਿ ਤਾਤੀ ਠਾਂਢਾ ਹਰਿ ਨਾਉ ॥

## ਭਾਗ—6

ਜੇ ਸਾਡੇ ਤਨ ਦੇ ਕਪੜਿਆਂ ਨੂੰ ਅੱਗ ਲਗ ਜਾਵੇ, ਤਾਂ ਅਸੀਂ ਆਪਣੀ ਅੱਗ ਨੂੰ ਬੁਝਾਉਣ ਤੋਂ ਬੇਵਸ (helpless) ਹੁੰਦੇ ਹਾਂ। ਅਸੀਂ ਘਬਰਾ ਕੇ ਜਿੰਨੀ ਭੱਜ-ਦੌੜ ਕਰਦੇ ਹਾਂ—ਉਤਨੀ ਹੀ ਹਵਾ ਨਾਲ ਅੱਗ ਵੱਧਦੀ ਜਾਂਦੀ ਹੈ। ਕੋਈ ਦੂਜਾ ਬੰਦਾ ਹੀ ਸਾਡੀ ਅੱਗ ਬੁਝਾਉਣ ਲਈ ਕੋਈ ਓਹੜ-ਪੋਹੜ ਜਾਂ ਉਪਰਾਲਾ ਕਰ ਸਕਦਾ ਹੈ।

ਏਸੇ ਤਰ੍ਹਾਂ ਸਾਡੀ **ਅੰਦਰਲੀ ਗੁੱਝੀ ਮਾਨਸਿਕ ਅਗਨੀ** ਨੂੰ ਅਸੀਂ ਅਪਣੇ ਆਪ ਬੁਝਾਉਣ ਤੋਂ ਅਸਮਰਥ ਹਾਂ। ਇਸੇ ਕਰਕੇ ਅਸੀਂ ਇਸ ਗੁੱਝੀ ਅੱਗ ਵਿਚ ਕਈ ਜਨਮਾਂ ਅਤੇ ਜੁਗਾਂ ਤੋਂ ਜਲਦੇ-ਬਲਦੇ-ਧੜਦੇ ਆਏ ਹਾਂ।

ਪਹਿਲਾਂ ਤਾਂ ਸਾਨੂੰ ਇਹ ਸੋਝੀ ਹੀ ਨਹੀਂ ਅਤੇ ਨਾ ਹੀ ਮੰਨਣ ਨੂੰ ਤਿਆਰ ਹਾਂ, ਕਿ ਸਾਡੇ ਅੰਦਰ ਭੀ ਕੋਈ ਅੱਗ ਲੱਗੀ ਹੋਈ ਹੈ! ਏਸੇ ਕਰਕੇ ਅਸੀਂ ਆਪਣੀ ਅੰਦਰਲੀ ਅੱਗ ਤੋਂ ਬੇ-ਖ਼ਬਰ, ਬੇ-ਪ੍ਰਵਾਹ ਅਤੇ ਅਵੇਸਲੇ ਹੋਏ ਪਏ ਹਾਂ। ਜੇਕਰ ਕਿਸੇ ਗੁਰਮੁਖ ਜਨ ਤੋਂ ਜਾਂ ਗੁਰਬਾਣੀ ਦੁਆਰਾ ਸਾਨੂੰ ਸੋਝੀ ਭੀ ਆ ਜਾਵੇ, ਤਾਂ ਅਸੀਂ ਜੋ ਭੀ ਉਪਾਉ ਕਰਦੇ ਹਾਂ – ਉਸ ਦੀ 'ਤਹਿ' ਵਿਚ **'ਹਉਮੈ' ਦੀ ਅੰਸ਼ ਯਾ ਉਪਾਧੀ ਹੁੰਦੀ ਹੈ,** ਜਿਸ ਨਾਲ ਸਾਡੀ 'ਅੱਗ'—**ਘਟਣ ਦੀ ਬਜਾਇ, ਹੋਰ ਵਧਦੀ ਜਾਂਦੀ ਹੈ !!**

ਜਦ ਸਾਡੇ ਕਪੜਿਆਂ ਨੂੰ ਅੱਗ ਲੱਗ ਜਾਵੇ, ਤਾਂ ਅਸੀਂ ਹਾਲ-ਦੁਹਾਈ ਮਚਾਉਂਦੇ ਹਾਂ ਅਤੇ ਸਹਾਇਤਾ ਲਈ ਭੱਜਦੇ ਹਾਂ।

ਇਸੇ ਤਰ੍ਹਾਂ ਜੇ ਸਾਨੂੰ **ਨਿਸਚਾ ਹੋ ਜਾਵੇ ਕਿ ਸਾਨੂੰ ਇਹ ਗੁੱਝੀ ਅੱਗ ਲਗੀ ਹੋਈ ਹੈ,** ਤਾਂ ਗੁਰਬਾਣੀ ਸਾਨੂੰ ਸਾਧ-ਸੰਗਤ ਦੀ ਸਰਣ ਵਿਚ ਭੱਜ ਕੇ ਜਾਣ ਦੀ ਸਿਖਿਆ ਦਿੰਦੀ ਹੈ। ਪਰ ਉਨ੍ਹਾਂ ਗੁਰਮੁਖ ਜਨਾਂ ਦੀ ਸੰਗਤ ਦੀ ਸਿਫ਼ਾਰਸ਼ ਹੈ, ਜਿਨ੍ਹਾਂ ਨੂੰ **ਇਹ ਅੱਗ ਨਹੀਂ ਲਗੀ।** ਜਾਂ ਜਿਨ੍ਹਾਂ ਕੋਲ ਨਾਮ ਦੀ 'ਠੰਢ' ਹੈ !! ਉਹੀ ਸਾਨੂੰ ਇਸ ਗੁੱਝੀ ਅਗਨੀ ਤੋਂ ਬਚਾਉਣ ਦੇ ਸਮਰਥ ਹਨ। ਜਿਹੜੇ ਆਪ ਹੀ ਇਸ ਗੁੱਝੀ ਅੱਗ ਨਾਲ ਸੜ ਰਹੇ ਹਨ, ਉਹ ਸਾਡੀ ਅੰਦਰਲੀ ਅੱਗ ਨੂੰ ਕਿਵੇਂ ਬੁਝਾ ਸਕਦੇ ਹਨ. ਬਲਕਿ **ਵਧਾ ਦੇਣਗੇ।**



ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (੧੨੯੧-੯, ਮਲਾਰ, ਮਹਲਾ ੧)

The world is on fire; the Name of the Lord is cooling and soothing.

ਕਲਿ ਤਾਤੀ ਠਾਂਢਾ ਹਰਿ ਨਾਉ ॥

The Dark Age of Kali Yuga is so hot; the Lord's Name is soothing and cool.

If our clothes catch fire we become helpless in trying to put out our own fire. In desperation the more we run the greater will the fire become with moving air. Only some other person can take some steps or make an effort to put our fire out.

In the same way it is impossible for us to put out our own internal, invisible, mental fire. This is the reason why over many birth and ages we have been 'burning, simmering and smoldering in this invisible fire.

Firstly we have no knowledge and we are not even prepared to accept, that some fire is burning within us. That is why we are unaware, heedless and indifferent to the internal fire within us. If we do come to know from some Guru orientated person or through Gurbani, a portion of egotism or rebelliousness is present in the 'folds' of whatever steps we take, thus instead of decreasing, the fire continues to increase.

When our clothes catch fire we scream and shout and run for help.

In the same way if we are convinced that we are burning in this invisible fire, then Gurbani advices us to run and take shelter with the sadh-sangat, (the company of the holy). But this recommendation or indication is only towards the company of those *gurmukh jan* (Guru orientated beings) who are free from this fire or those who have in their possession the 'coolness' of Naam. Only they have the capacity to save us from this invisible fire. Those who themselves have been consumed in this invisible fire how can the douse (or put off) our internal fire. Instead they will only increase it.

ਗੁਆਂਢੀਆਂ ਦੇ ਘਰ 'ਅੱਗ' ਲਗੀ ਹੋਵੇ ਤਾਂ ਅਸੀਂ ਅਪਣੇ ਘਰ ਨੂੰ ਅੱਗ ਤੋਂ ਬਚਾਉਣ ਦਾ ਉਦਮ ਕਰਦੇ ਹਾਂ—ਪਰ ਜਦ ਸਾਰਾ ਸੰਸਾਰ ਹੀ —

'ਆਤਸ ਦੁਨੀਆ'
'ਅਗਨ ਕੋਟ'
'ਅਗਨ ਸੋਕ ਸਾਗਰ'
'ਕਲਿ ਤਾਤੀ'

ਅਨੁਸਾਰ ਅੱਗ ਦਾ ਭਾਂਬੜ ਬਣਿਆ ਹੋਇਆ ਹੈ, ਤਾਂ ਅਸੀਂ ਅਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਾਂ ?

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ (ਪੰਨਾ-੧੨)

ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਮੋਹ ਅਗਿਆਨ ਅੰਧਾਰ ॥ (ਪੰਨਾ-੬੭੪)

ਇਸੇ ਕਰਕੇ ਗੁਰੂ ਬਾਬੇ ਨੇ ਸਾਨੂੰ ਇਸ ਤੋਂ ਬਚਣ ਲਈ ਗੁਰਬਾਣੀ ਦੁਆਰਾ ਹੇਠਲੇ ਉਪਦੇਸ਼ ਦਿਤੇ ਹਨ —

ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥ (ਪੰਨਾ-੪੨੪)

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-੫੭੯)

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ ॥ (ਪੰਨਾ-੨੦੪)

ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ । (ਪੰਨਾ-੭੩੮)

'ਸਾਧ-ਸੰਗਤ' ਵਿਚ ਹੀ 'ਮਾਨਸਿਕ ਅਗਨੀ' ਨੂੰ ਬੁਝਾਉਣ ਲਈ 'ਠੰਢੇ ਹਰਿ ਨਾਮੁ' ਦਾ ਵਰਤ-ਵਰਤਾਰਾ ਹੁੰਦਾ ਹੈ ।

ਅਸਲ ਵਿਚ ਆਤਮਿਕ ਮੰਡਲ ਅੰਦਰ, ਇਹ 'ਇਲਾਹੀ ਵਣਜ-ਵਪਾਰ' ਜਾਂ 'ਲੇਵਾ-ਦੇਵੀ' ਸਤਿਗੁਰੂ ਆਪ ਹੀ ਆਪਣੀ ਮੌਜ ਵਿਚ, ਦੋਹੀਂ ਪਾਸੀਂ ਆਪੇ ਹੀ ਕਰ ਰਹੇ ਹੁੰਦੇ ਹਨ ।

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ (ਪੰਨਾ-੭੨੨)

ਇਸ ਇਲਾਹੀ ਮੰਡਲ ਦੇ ਵਪਾਰ ਵਿਚ—

'ਤੋਟਾ ਮੂਲ ਨ ਹੋਵਈ'
'ਸਦਾ ਲਾਭ'
'ਵਧਦੋ ਜਾਈ'

ਦਾ ਵਰਤਾਰਾ ਹੈ ।

ਇਸ ਇਲਾਹੀ ਮੰਡੀ ਵਿਚ 'ਸੱਚ', 'ਨਾਮ' ਦੀ 'ਇਕਤ ਹੱਟ' ਹੈ, ਅਤੇ ਇਥੇ 'ਸੱਚ' ਦੇ



When the neighbours house is on fire then we make an effort to prevent the fire from spreading to our house – but when the whole world the–

'burning world'
'fort of fire'
'fiery ocean of grief'
'the hot, dark age of Kaljug'

has itself become a ball of fire, then how can we save ourselves?

1 *In that pool of the world, the people have their homes; there, the Lord has created water and fire.* 12

2 *Family and worldly affairs are an ocean of fire.*
*Through doubt, emotional attachment and ignorance, we are enveloped in darkness* 674

That is why, to save ourselves Guru Ji has given us the following advice through Gurbani –

3 *Seeing this world on fire, I rushed to the Sanctuary of the True Guru.* 424

4 *Seeing that this world on fire, I have hurried to the Sanctuary of the Lord.* 579

5 *God is Compassionate, and Merciful to the meek; O Nanak, in the Saadh Sangat, the Company of the Holy, the fire of desire has been quenched.* 204

6 *Becoming Merciful, He has united me with the Sat Sangat, the True Congregation.*
*The fire has been quenched, and I have found my Husband Lord within my own home.* 738

It is only in the sadh-sangat where the 'Cool Name of God' pervades that, the dousing (or putting off) of the mental fire can take place.

The truth is that within the Divine Realm, the Satguru himself in his joyfulness, operates on both sides of this 'spiritual transaction' or 'give and take'.

7 *He Himself creates, and He Himself imbues us. He Himself bestows His Glance of Grace.* 722

In the transactions carried out in the Divine Realm the (principle of)-

'there is no shortage whatsoever'
'benefits prevail all the time'
'there is an ever increasing supply'

operates all the time.

In this Divine market there is 'one outlet' to which

'ਇਕ-ਭਾਂਤੀ' ਵਪਾਰੀ ਆਉਂਦੇ ਹਨ, ਤੇ 'ਹਰਿ ਨਾਮ' ਦਾ ਲਾਹਾ ਲੈ ਜਾਂਦੇ ਹਨ।

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ (ਪੰਨਾ-੬੧੪)

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ (ਪੰਨਾ-੨੨)

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ (ਪੰਨਾ-੫੯੫)

ਇਹ ਆਤਮਿਕ ਮੰਡਲ ਦੀਆਂ 'ਅਨੂਪ' ਅਤੇ ਸਾਰ ਵਸਤੂਆਂ ਦਾ ਵਪਾਰ, ਸਿਰਫ ਇਲਾਹੀ ਵਣਜਾਰੇ, ਗੁਰਮੁਖ ਪਿਆਰਿਆਂ ਦੇ ਵਿਚਕਾਰ ਹੀ ਹੋ ਸਕਦਾ ਹੈ। ਇਸ ਦੀ ਇਕੋ-ਇਕ 'ਇਕਤ ਹੱਟ' ਹੈ, ਜਿਸ ਨੂੰ ਗੁਰਬਾਣੀ ਵਿਚ—

**ਸਾਧ ਸੰਗਤ**
**ਸੰਤ ਮੰਡਲੀ**
**ਸਤ ਸੰਗਤ**

ਕਿਹਾ ਗਿਆ ਹੈ।

**'ਅੰਮ੍ਰਿਤ ਛਕਾਉਣਾ'** ਭੀ ਇਸੇ ਗੁੱਝੀ ਇਲਾਹੀ ਰਾਸ ਦੇ ਵਪਾਰ', 'ਲੇਵਾ-ਦੇਵੀ' ਅਤੇ 'ਖਮੀਰ' ਦਾ ਹੀ ਪ੍ਰਤੀਕ ਤੇ ਪ੍ਰਗਟਾਵਾ ਹੈ।

ਇਹ 'ਇਕਤ ਹੱਟ', ਕਿਤੇ ਬਹਰਲੇ ਦੇਸ਼ ਜਾਂ ਟਾਪੂ ਵਿਚ ਨਹੀਂ ਹੈ, ਬਲਕਿ ਇਹ ਤਾਂ ਸਾਡੇ ਅੰਤਰ ਆਤਮੇ—

ਪ੍ਰੇਮ ਸਵੈਪਨਾ
ਪ੍ਰੇਮ ਭਾਵਨਾ
ਆਤਮਿਕ ਪਿਆਰ
ਪ੍ਰੀਤ ਖਿੱਚ
ਸ਼ਰਧਾ ਭਾਵਨੀ
ਚੁਪ ਪ੍ਰੀਤ
ਇਲਾਹੀ ਮੰਡਲ

ਵਿਚ ਪ੍ਰਵੇਸ਼ ਹੈ।



'only one type' of traders come to obtain benefit from the 'Name of God'.

1 *My dealings are with the Saints, and my business is with the Saints.*
*I have earned the profit with the Saints, and the treasure filled to over-flowing with devotion to the Lord.* 614
*The Saints entrusted to me the capital, and my mind's delusion was dispelled.*

2 *Make your deals, dealers, and take care of your merchandise.* *22*
*Buy that object which will go along with you.*
*In the next world, the All-knowing Merchant will take this object and care for it.*
*O Siblings of Destiny, chant the Lord's Name, and focus your consciousness on Him.*
*Take the Merchandise of the Lord's Praises with you. Your Husband Lord shall see this and approve.*

3 *Deal with the Lord's dealers, earn your profits, and rejoice in your mind.* *595*

The transaction of the beautiful and abstract things of the Divine Realm can only take place between spiritual traders and Guru orientated beloveds. It has one and only one outlet or shop, which in Gurbani is referred to as –

sadh sangat (the company of the holy)
the congregation of evolved beings
true company.

'Administering the Amrit' too is the symbol and manifestation of the transaction, the trade and the fermenting of this invisible divine commodity.

This 'one outlet or shop' is not to be found in some other country or island, instead it is to be found in-

the love of the Self
the faith filled love
the Divine love
the pull of love
*the faithfulness*
*the silent love*
*the spiritual realm*

within our innate self.

ਦੂਜੇ ਲਫ਼ਜਾਂ ਵਿਚ, ਜਿਸ 'ਇਲਾਹੀ ਮੰਡਲ' ਵਿਚ ਇਹਨਾਂ ਇਲਾਹੀ—

ਸਾਰ ਵਸਤੂਆਂ
ਅਨੂਪ ਵਸਤੂਆਂ
ਸੱਚ ਵਸਤੂ
ਆਤਮਿਕ ਖਮੀਰ
ਭਗਤ-ਭੰਡਾਰ
ਪ੍ਰੇਮ-ਰਸ
ਆਤਮ-ਰੰਗ
ਮਜੀਠ-ਰੰਗ
ਤਤ-ਸ਼ਬਦ
'ਨਾਮ-ਧਨ'
ਇਲਾਹੀ ਰਾਸ
ਪ੍ਰੇਮ-ਪਿਆਲਾ
ਨਾਮ-ਖੁਮਾਰੀ
ਆਤਮਿਕ ਚਾਉ
ਪਰਮ ਪਦ

ਆਦਿ, ਦਾ **'ਵਣਜ-ਵਪਾਰ' ਅਤੇ 'ਲੇਵਾ-ਦੇਵੀ'** ਹੋਵੇ, ਉਸ ਨੂੰ ਹੀ **'ਸਾਧ ਸੰਗਤ'** ਜਾਂ **'ਸਤ ਸੰਗਤ'** ਕਿਹਾ ਜਾ ਸਕਦਾ ਹੈ ਅਤੇ ਇਹ ਆਤਮਿਕ ਠੰਢ ਦਾ ਪ੍ਰਤੀਕ ਹੈ ।

ਗੁਰਬਾਣੀ ਵਿਚ ਐਸੀ ਹੀ 'ਸੰਗਤ' ਕਰਨ ਦੀ ਵਡਿਆਈ ਤੇ ਪ੍ਰੇਰਨਾ ਕੀਤੀ ਗਈ ਹੈ—

ਸਤ ਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥ (ਪੰਨਾ-੭੨)

ਮਨੁ ਅਸਮਝੁ ਸਾਧਸੰਗਿ ਪਤੀਆਨਾ ॥ (ਪੰਨਾ-੮੯੦)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥ (ਪੰਨਾ-੯੦੯)

ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ (ਪੰਨਾ-੯੧੩)

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ ॥ (ਪੰਨਾ-੯੮੩)

ਸਤ ਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥ (ਪੰਨਾ-੯੮੫)

ਸਾਧ ਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (ਪੰਨ-੯੬੬)

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥ (ਪੰਨਾ-੯੯੭)



In other words that 'Divine Realm' from which the 'transaction' and 'trading' of these divine –

essence of things
beautiful things
object of truth
spiritual fermentation
overflowing treasure of devotion
relish of love
divine hue
deep crimson colour
essence of the word
treasure of Naam
divine capital / wealth
goblet of love
intoxication of Naam
spiritual joy
supreme status

takes place, that indeed is called the 'Sadh Sangat' – the holy congregation or the 'congregation of Truth', and it is the symbol of coolness (or calmness).

Gurbani encourages and motivates us to keep such a 'company –

1 *How is the Society of the Saints to be known?*
*There, the Name of the One Lord is chanted.* 72

2 *The ignorant mind is encouraged, in the Saadh Sangat, the Company of the Holy.* 890

3 *The Priceless Naam is in the Society of the Saints; by great good fortune, it is obtained.* 909

4 *Says Nanak, when I found the Saadh Sangat, the Company of the Holy,* 913
*my thirsty desires were satisfied, and I was totally cooled and soothed.*

5 *Joining the Sat Sangat, the True Congregation, the supreme status is obtained; the butter is produced, and eaten with delight.* 983

6 *The Lord's Love, found in the Sat Sangat, the True Congregation, is absolutely permanent, and colorfast.* 985

7 *With the support of the Saadh Sangat, the Company of the Holy, one falls in love with God.* 966

8 *Joining the Sangat, the Holy Congregation, faith has welled up within me; through the Word of the Guru's Shabad, I taste the sublime essence of the Lord.* 997

L43-4

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥
ਸਾਧੂ ਸੰਗਤਿ ਪਾਰਗਰਾਮ ॥ (ਪੰਨਾ-੧੧੮੨)

ਸਾਧ ਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥ (ਪੰਨਾ-੧੩੪੯)

ਇਸ ਪ੍ਰੇਮ-ਸਵੈਪਨਾ ਵਾਲੇ ਇਲਾਹੀ ਮੰਡਲ ਵਿਚ ਦਿਮਾਗੀ ਫੋਕੇ ਗਿਆਨ ਦੀ ਪਹੁੰਚ ਨਹੀਂ—ਕਿਉਂਕਿ ਸਾਡੀਆਂ ਦਿਮਾਗੀ ਉਕਤੀਆਂ, ਜੁਗਤੀਆਂ, ਫਿਲਾਸਫੀਆਂ ਅਤੇ ਸਿਆਣਪਾਂ ਦੇ 'ਖੰਭ', ਆਤਮਿਕ ਮੰਡਲ ਦੇ ਇਲਾਹੀ ਪ੍ਰਕਾਸ਼ ਦੀਆਂ 'ਲਿਸ਼ਕਾਂ' ਅਥਵਾ 'ਕਿਰਨਾਂ' ਨਾਲ 'ਸੜ' ਜਾਂਦੇ ਹਨ ।

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ, ਕਿ **ਬਿਰਤੀਆਂ ਦੇ ਬਾਹਰਮੁਖੀ ਦੌੜਨ ਕਾਰਨ,** ਇਨਸਾਨ ਦਾ ਮਨ ਅਤਿਅੰਤ ਨਿਰਬਲ ਹੋ ਜਾਂਦਾ ਹੈ ਅਤੇ ਮਾਇਕੀ ਗਿਲਾਨੀ ਦੇ ਕਾਰਨ—ਇਨਸਾਨ ਦੀ ਨਿਰਨਾ ਸ਼ਕਤੀ ਅਤੇ 'ਜੀਵਨ-ਸੇਧ' ਭੀ ਮਾਇਕੀ ਰੰਗਣ ਵਾਲੀ ਹੋ ਜਾਂਦੀ ਹੈ ।

ਸਹੀ ਆਤਮਿਕ 'ਜੀਵਨ-ਸੇਧ' ਨਾ ਹੋਣ ਕਰਕੇ ਇਨਸਾਨ ਦੀ—

ਸੋਚਣੀ
ਖਿਆਲ
ਨਿਰਨਾ
ਖੁਆਹਿਸ਼ਾਂ
ਰੀਝਾਂ
ਚੁਣੌਤੀਆਂ
ਫੈਸਲੇ
ਨਿਸਚੇ
ਸ਼ਰਧਾ
ਭਾਵਨੀਆਂ

ਗਲਤ ਹੋ ਸਕਦੀਆਂ ਹਨ ਅਤੇ ਸਾਡੇ ਮਨ ਨੂੰ **ਮਾਇਕੀ ਮੰਡਲ ਤੋਂ ਉਪਰ ਨਹੀਂ ਲੈ ਜਾ ਸਕਦੀਆਂ ।**

Our so called beliefs and faiths are based on flimsy dogmatic mental ideas and hypothesis, which change from time to time according to outer circumstances, and have NO ROOTS in TRUE ETERNAL changeless FOUNDATION of DIVINITY.



1 *If you long for eternal peace, O Siblings of Destiny,*
*then join the Saadh Sangat, the Company of the Holy; this is the Guru's advice.*
*There, the Naam, the Name of the Lord, is meditated on.*
*In the Saadh Sangat, you shall be emancipated.* *1182*

2 *Joining the Saadh Sangat, the Company of the Holy,*
*I have found the Sublime Essence of the Lord. The Supreme Lord God has melted into my heart.* *1349*

In this realm of (the innate) self- love (within), the hollow (worldly) knowledge has no access. (It cannot rise to that level) because the wings of our intellectual maxims, schemes, philosophies and shrewdness get burnt up by the 'flash' or 'rays' of the divine illumination of the spiritual realm.

As has been explained earlier, the running of the thoughts outwards is the reason why, man's mind has become so powerless, and materialistic degradation is the reason why man's power of discernment and 'life's goal' has been coloured with the hue of materialism.

Due to non existence of 'life's goal', man's –

thinking
thoughts
discernment
desires
cravings
choices
decisions
beliefs
faith
inclinations

can be wrong and they cannot take us beyond the materialistic sphere.

Our so called beliefs and faiths are based on flimsy dogmatic mental ideas and hypothesis, which change from time to time according to outer circumstances, and have NO ROOTS in TRUE ETERNAL changeless FOUNDATION of DIVINITY.

L43-5

ਅਕਾਲ ਪੁਰਖ ਅਤੇ ਉਸ ਦੇ 'ਗੁਰ-ਪ੍ਰਸਾਦਿ' ਦਾ **'ਵਿਸ਼ਵਾਸ'** ਹੀ, ਸਾਡੇ ਨਿਸਚੇ, ਭਰੋਸੇ ਅਤੇ ਸ਼ਰਧਾ-ਭਾਵਨੀ ਦੀ ਸੱਚੀ-ਸੁੱਚੀ ਅਟੱਲ ਬੁਨਿਆਦ ਹੈ ।

ਇਸ ਤੋਂ ਬਗੈਰ, ਹੋਰ **ਮਾਇਕੀ ਦਿਮਾਗੀ 'ਨਿਸਚੇ'**—

ਕੂੜੇ
ਫੋਕੇ
ਬੇ-ਬੁਨਿਆਦ
ਜੜ-ਹੀਨ
ਬਦਲਵੇਂ

ਹਨ, ਅਤੇ ਗੁੱਝੀ ਮਾਨਸਿਕ ਅੱਗ ਦੀ ਬੁਨਿਆਦ ਹਨ ।

ਜਾ ਕੈ ਰਿਦੈ ਬਿਸ੍ਰਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ-੨੮੫)

ਜਦ ਸਾਡੀ **'ਨਿਰਣਾ ਸ਼ਕਤੀ'** ਹੀ ਮਾਇਕੀ ਨਿਸਚਿਆਂ ਤੇ ਅਧਾਰਤ ਹੈ, ਤਾਂ ਸਾਡੀਆਂ ਦਿਮਾਗੀ ਸਿਆਣਪਾਂ ਯਾ ਵਿਦਵਤਾ, ਸਾਨੂੰ ਤ੍ਰੈ-ਗੁਣੀ ਮਾਇਕੀ ਦਾਇਰੇ ਤੋਂ ਅਗੇਰੇ ਨਹੀਂ ਲੈ ਜਾ ਸਕਦੀਆਂ ਅਤੇ ਆਤਮਿਕ ਮੰਡਲ ਦੀ ਸਹੀ 'ਜੀਵਨ-ਸੇਧ' ਤੋਂ ਅਸਮਰਥ ਹਨ ।

ਆਤਮਿਕ ਮੰਡਲ ਦਾ ਅਨੁਭਵੀ ਗਿਆਨ ਯਾ ਇਲਾਹੀ 'ਝਲਕ' ਸਿਰਫ ਤੱਤ ਜੋਗ ਕੇ ਬੇਤੇ, ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਨਾਲ ਹੀ ਮਿਲ ਸਕਦੀ ਹੈ । ਇਸ ਇਲਾਹੀ ਪ੍ਰਕਾਸ਼ ਦੇ ਮੰਡਲ ਵਿਚ ਇਨਸਾਨ ਦੇ ਦਿਮਾਗੀ —

ਗਿਆਨ
ਵਿਦਵਤਾ
ਵਿਗਿਆਨ
ਸਿਆਣਪ
ਉਕਤੀਆਂ
ਜੁਗਤੀਆਂ
ਫਿਲਾਸਫੀਆਂ
ਦਲੀਲਾਂ

ਦੀ ਪਹੁੰਚ ਨਹੀਂ ਹੈ ।

**Our intellectual approach to outer dogmatic religion, can at best, take us to the outer courtyard of Divine Realm, but is unable to introduce and usher our souls into the Inner Mansions of God's Kingdom.**



'Faith' in the Eternal Being and His "Gurparsaad ( Guru's Benevolence)' is the only true-pure permanent foundation of our inclinations, beliefs and faithfulness.

Without this, all other intellectual 'tendencies' are –

false
hollow
without any foundation
without any roots
intangible
unstable,

and are the basis of the hidden mental fire.

*One whose heart is filled with faith in God*
*- the essence of spiritual wisdom is revealed to his mind.* *285*

When our 'discerning power' is based on materialistic tendencies, then our intellectual shrewdness or wisdom can take us no further than the borders of materialism and is thus incapable of providing divine realm's true life's goal.

The intuitional knowledge of the divine realm or spiritual 'flashes' can only be obtained from the sangat or company those who beings who understand the essence of divine-union, those blessed gurmukhs (guru orientated beloveds). In this spiritual sphere of illumination, man's

knowledge
wisdom
science
shrewdness
maxims
methods
philosophies
opinion

has no say or reach.

Our intellectual approach to outer dogmatic religion, can at best, take us to the outer courtyard of Divine Realm, but us unable to introduce and usher our souls into the Inner Mansions of God's Kingdom.

ਇਸ ਦਾ ਪੰਜਾਬੀ ਵਿਚ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ —

"ਸਾਡਾ ਦਿਮਾਗੀ ਗਿਆਨ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਆਤਮਿਕ ਮੰਡਲ ਦੇ 'ਬਾਹਰਲੇ ਵੇਹੜੇ' ਦੀ 'ਟੋਹ' ਜਾਂ 'ਸੋਧ' ਦੇ ਸਕਦਾ ਹੈ, ਉਸ ਤੋਂ ਅੱਗੇ ਨਹੀਂ !!"

ਜਿੰਨਾ ਚਿਰ ਸਾਡੇ ਮਨ ਉਤੇ ਅੰਤ੍ਰ-ਆਤਮੇ **ਨਾਮ ਦਾ ਆਤਮ-ਪ੍ਰਕਾਸ਼ ਨਹੀਂ ਹੁੰਦਾ**— ਉਦੋਂ ਤਾਂਈ ਅਸੀਂ ਮਾਇਕੀ 'ਮਿਥਨ-ਮੋਹ–ਅਗਨਿ-ਸੋਕ-ਸਾਗਰ' ਵਿਚ ਹੀ ਜਲਦੇ-ਬਲਦੇ-ਸੜਦੇ ਰਹਾਂਗੇ ਅਤੇ **'ਖੁਨਕ ਨਾਮ ਖੁਦਾਇਆ' ਦੀ ਠੰਢ ਨਹੀਂ ਮਾਣ ਸਕਦੇ ।**

ਜਿਸ ਤਰ੍ਹਾਂ ਪਿਛੇ ਦਸਿਆ ਜਾ ਚੁਕਿਆ ਹੈ, ਕਿ —

ਮਾਇਕੀ ਮੰਡਲ
'ਆਤਸ ਦੁਨੀਆ'
'ਕਲਿ ਤਾਤੀ'
ਅਗਨ-ਕੁੰਟ
ਅਗਨ-ਸੋਕ-ਸਾਗਰ
ਪਾਵਕ-ਸਾਗਰ

**ਵਿਚੋਂ ਨਿਕਲਣ ਦਾ,** ਅਤੇ —

'ਖੁਨਕ ਨਾਮੁ ਖੁਦਾਇਆ'
'ਠਾਂਢਾ ਹਰਿ ਨਾਉ'
ਬੇਗਮ-ਪੁਰਾ
ਨਾਮ-ਪ੍ਰਕਾਸ਼
ਪ੍ਰੇਮ-ਸਵੈਂਪਨਾ ਦੇ ਦੇਸ਼
ਇਲਾਹੀ ਮੰਡਲ

**ਵਿਚ ਪ੍ਰਵੇਸ਼ ਕਰਨ ਦਾ** ਸਭ ਤੋਂ ਸੌਖਾ ਅਤੇ ਜਰੂਰੀ ਸਾਧਨ 'ਸਾਧ ਸੰਗਤ' ਅਥਵਾ ਬਖਸ਼ਿਆ ਹੋਇਆਂ, ਗੁਰਮੁਖ ਪਿਆਰਿਆਂ - ਮਹਾਂਪੁਰਖਾਂ ਦੀ 'ਸੰਗਤ' ਹੀ ਦੱਸੀ ਗਈ ਹੈ ।

ਸਾਡੇ ਖਿਆਲਾਂ ਵਿਚ ਸ਼ਕਤੀ ਹੈ । ਕਮਾਏ ਹੋਏ ਖਿਆਲ ਅਤਿਅੰਤ ਸ਼ਕਤੀਮਾਨ ਹੋ ਜਾਂਦੇ ਹਨ । ਇਸੇ ਲਈ ਨਾਮ ਅਭਿਆਸ ਕਮਾਈ ਵਾਲੇ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੇ ਖਿਆਲਾਂ, ਕਲਪਨਾ, ਇਛਾ, ਰੀਝਾਂ ਅਤੇ ਅਸ਼ੀਰਵਾਦ ਦੇ ਪਿਛੇ ਬੇਅੰਤ ਸ਼ਕਤੀ ਹੁੰਦੀ ਹੈ । ਉਹਨਾਂ ਦੇ 'ਨੇੜੇ' ਯਾ 'ਸੰਗਤ' ਵਿਚ ਅਨੇਕਾਂ ਆਤਮਿਕ ਕਿਰਨਾਂ (Spiritual rays) ਦਾ ਪ੍ਰਕਾਸ਼ ਹੁੰਦਾ ਹੈ ਯਾ 'ਪਾਰਸ ਕਲਾ' ਦੀ ਦਾਮਨਿਕ ਸ਼ਕਤੀ ਹੁੰਦੀ ਹੈ, ਜੋ ਹੋਣਹਾਰ ਅਭਿਲਾਖੀ ਜਿਗਿਆਸੂਆਂ ਦੀਆਂ ਰੂਹਾਂ ਉਤੇ ਸਹਿਜ-ਸੁਭਾਇ ਆਤਮਿਕ ਅਸਰ ਪਾਉਂਦੀਆਂ ਹਨ ਅਤੇ ਇਨ੍ਹਾਂ ਦਾਮਨਿਕ ਇਲਾਹੀ ਕਿਰਨਾਂ ਨਾਲ ਜਗਿਆਸੂਆਂ ਦੇ ਮਨ ਦੀ ਮੈਲ ਸੜ ਜਾਂਦੀ ਹੈ ਅਤੇ ਉਹਨਾਂ ਦਾ ਮਨ ਇਕੱਠਾ ਹੋ ਕੇ ਸ਼ਾਂਤੀ ਅਤੇ ਠੰਢ ਮਹਿਸੂਸ ਕਰਦਾ ਹੈ ।



Our intellectual approach to outer dogmatic religion, can at best, take us to the outer courtyard of Divine Realm, but us unable to introduce and usher our souls into the Inner Mansions of God's Kingdom.

For as long as our mind does not experience the illumination of the Naam in the innate self within, until then we will continue to burn-smoulder-blaze in the 'lust-attachment of the fiery ocean of grief' and we will never be able to experience the 'Cooling and Soothing Name of the Lord'.

As has been stated earlier, to come out of –

the materialistic world
'the fiery world'
the 'hot dark age of kaljug'
the fiery pit of the womb
the fiery ocean of grief
the ocean of fire,

and to reside in –

'the cool and soothing Name of the Lord'
'the cool Name of Waheguru'
the city of sorrow
the illumination of Naam
in the realm of Self-Love
spiritual realm

the easiest and the most essential method that has been stated (or revealed) is the 'sadh-sangat', the company of the holy evolved beings, that is, the blessed guru-orientated beloveds.

There is power in our thoughts. Thought which have been contemplated upon become very powerful. That is why behind the thoughts, imagination, desire, and blessing of blessed Guru Orientated beloveds, there is immense power. Near them (or in the congregation in which they are present), spiritual rays are present, the dynamic power of the 'philosopher's stone instinctively influence the potential aspiring devotees. With these dynamic spiritual rays, the filth of the devotees' mind gets burnt. With these rays heir minds get focused and experiences calmness and coolness.

ਠਾਂਢਿ ਪਰੀ ਸੰਤਹ ਸੰਗਿ ਬਸਿਆ ॥
ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (ਪੰਨਾ-੨੫੬)

ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ ॥ (ਪੰਨਾ-੪੦੨)

ਗਤੁ ਭਰਮੁ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥
ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ-੪੫੮)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥ (ਪੰਨਾ-੧੩੫੭)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥ (ਪੰਨਾ-੫੨੦)

ਇਸ ਤਰ੍ਹਾਂ ਜਗਿਆਸੂਆਂ ਦੇ ਅੰਤ੍ਰ-ਆਤਮੇ ਸਹਿਜ-ਸੁਭਾਇ, ਆਪ-ਮੁਹਾਰੇ ਅਨਹਦ-ਨਾਮ-ਸਿਮਰਨ ਦੀ ਅਕਲ-ਕਲਾ ਚਲ ਪੈਂਦੀ ਹੈ ।

ਮਹਾਂ ਪੁਰਖਾਂ ਦੀ ਆਤਮਿਕ ਸ਼ਕਤੀ ਨਾਲ ਭਰਪੂਰ—

ਤੱਕਣੀ
ਬਚਨ
ਛੋਹ
ਖਿਆਲ
ਨਿਸਚੇ
ਜੀਵਨ ਕਿਰਨਾਂ
ਜੀਵਨ-ਰੌਂ

ਰਾਹੀਂ, ਅਭਿਲਾਖੀ ਜਗਿਆਸੂ ਦੀ 'ਰੂਹ' ਨੂੰ—

ਪ੍ਰੇਰਨਾ
ਅਗਵਾਈ
ਸਹਾਇਤਾ
ਬਖਸ਼ਿਸ਼
'ਜੀਅ ਦਾਨ'
ਪਾਰਸ 'ਛੋਹ'
ਚੁੱਪ-ਪ੍ਰੀਤ

ਪ੍ਰਦਾਨ ਹੁੰਦੀ ਹੈ ਅਤੇ ਸਹਿਜ-ਸੁਭਾਇ ਜਗਿਆਸੂ ਦਾ ਜੀਵਨ ਬਦਲ ਜਾਂਦਾ ਹੈ ਅਤੇ ਆਤਮਿਕ ਮੰਡਲ ਵੱਲ 'ਖਿੱਚੀਂਦਾ' ਜਾਂਦਾ ਹੈ ।

ਇਸ ਤਰ੍ਹਾਂ ਆਤਮਿਕ ਮੰਡਲ ਦੀ ਸਤਾਹ ਤੇ —

## ਅਭਿਲਾਖੀ ਜਗਿਆਸੂਆਂ ਅਤੇ ਗੁਰਮੁਖ ਪਿਆਰਿਆਂ

ਦੇ

**'ਮੇਲ' ਅਥਵਾ 'ਸੰਗਤ'**

ਦੁਆਰਾ, ਇਹਨਾਂ ਦੇ ਵਿਚਕਾਰ—

ਆਤਮ-ਪਿਆਰ

ਪ੍ਰੇਮ-ਸਵੈਪਨਾ

ਪ੍ਰਿਮ-ਰਸ

ਆਤਮ-ਰੰਗ

ਸ਼ਬਦ

ਨਾਮ

**ਦੀਆਂ ਇਲਾਹੀ ਵਸਤੂਆਂ ਦੀ—**

**'ਲੇਵਾ-ਦੇਵੀ'**

**'ਬਿਉਹਾਰ'**

**'ਵਣਜ'**

**'ਵਪਾਰ'**

**'ਸਾਂਝ'**

ਅਥਵਾ ਅੰਤ੍ਰ-ਆਤਮੇ ਦੇ '**ਸੌਦੇ**'—

ਸਹਿਜ-ਸੁਭਾਇ

ਅਣਜਾਣੇ

ਚੁਪ-ਚੁਪੀਤੇ

ਅਦਿਖ

ਅਣ-ਸੁਣੇ

ਅਬੋਲ

ਅਭੋਲ

ਅਛੋਪ

**ਹੀ ਹੁੰਦੇ ਰਹਿੰਦੇ ਹਨ ।**

ਗੁਰਬਾਣੀ ਵਿਚ ਇਸ ਵਿਚਾਰ ਦੀ ਇਉਂ ਪ੍ਰੋੜ੍ਹਤਾ ਕੀਤੀ ਗਈ ਹੈ—

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥

ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥ (ਪੰਨਾ-੬੧੪)

ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥

ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ (ਪੰਨਾ-੧੮੫)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥ (ਪੰਨਾ-੩੮੪)

ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥ (ਪੰਨਾ-੧੦੪੦)



ਗੁਰਬਾਣੀ ਵਿਚ ਸਾਧ ਸੰਗਤ ਦੀ ਇਉਂ **ਵਡਿਆਈ** ਕੀਤੀ ਹੈ—

ਸੰਤ ਸੰਗਿ ਹਰਿ ਮਨਿ ਵਸੈ ॥

ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥ (ਪੰਨਾ-੨੧੧)

ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥

ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ

ਹਰਿ ਨਾਮੇ ਜਗੁ ਨਿਸਤਾਰਿਆ ॥ (ਪੰਨਾ-੩੧੧)

ਜੋ ਹਰਿ ਰਾਤੇ ਸੇ ਜਨ ਪਰਵਾਣੁ ॥

ਤਿਨ ਕੀ ਸੰਗਤਿ ਪਰਮ ਨਿਧਾਨੁ ॥ (ਪੰਨਾ-੩੫੩)

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥ (ਪੰਨਾ-੫੦੫)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ (ਪੰਨਾ-੮੦੯)

ਭਇਓ ਕ੍ਰਿਪਾਲੁ ਸਤਿ ਸੰਗਿ ਮਿਲਾਇਆ ॥

**ਬੂਝੀ ਤਪਤਿ ਘਰਹਿ ਪਿਰੁ ਪਾਇਆ ॥** (ਪੰਨਾ-੭੩੮)

ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (ਪੰਨਾ-੨੫੬)

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ-੪੫੮)

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥ (ਪੰਨਾ-੬੧੦)

ਤਦੇ ਗੁਰਬਾਣੀ ਵਿਚ 'ਸਾਧ ਸੰਗਤ' ਲਈ ਸਾਨੂੰ ਇਉਂ **ਜਾਚਨਾ** ਕਰਨੀ ਸਿਖਾਈ ਹੈ —

ਹਰਿ ਜੀਉ ਆਗੈ ਕਰੀ ਅਰਦਾਸਿ ॥

ਸਾਧੂ ਜਨ ਸੰਗਤਿ ਹੋਇ ਨਿਵਾਸੁ ॥ (ਪੰਨਾ-੪੧੫)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥

ਕਰਿ ਕਿਰਪਾ ਮੋਹਿ ਸਾਧ ਸੰਗੁ ਦੀਜੈ ॥ (ਪੰਨਾ-੭੩੮)

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥

ਸਾਧ ਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ੮੦੧)

ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ ॥

ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ਮੈ ਮੂੜ ਮੁਗਧ ਨਿਸਤਰੇ ॥ (ਪੰਨਾ-੯੭੫)

ਐਸੀ ਮਾਂਗੁ ਗੋਬਿਦ ਤੇ ॥

ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥ (ਪੰਨਾ-੧੨੯੮)

(ਚਲਦਾ......)